RECREATION

# ਡ੍ਰੌਪ-ਇਨ ਪ੍ਰੋਗਰਾਮ ਰਜਿਸਟਰੇਸ਼ਨ ਸਮਾਂ ਸੀਮਾ ਵਿੱਚ ਤਬਦੀਲੀ

**24 ਮਾਰਚ ਤੋਂ ਸ਼ੁਰੂ ਕਰਦੇ ਹੋਏ, ਭਾਗੀਦਾਰ, ਪ੍ਰੋਗਰਾਮ ਸ਼ੁਰੂ ਹੋਣ ਦੇ ਸਮੇਂ ਤੋਂ 25 ਘੰਟੇ ਪਹਿਲਾਂ, ਡ੍ਰੌਪ-ਇਨ ਪ੍ਰੋਗਰਾਮਾਂ ਲਈ ਰਜਿਸਟਰ ਕਰ ਸਕਦੇ ਹਨ।**

## ਅਕਸਰ ਪੁੱਛੇ ਜਾਣ ਵਾਲੇ ਸਵਾਲ

**ਡ੍ਰੌਪ-ਇਨ ਪ੍ਰੋਗਰਾਮ ਕੀ ਹੈ?**
ਡ੍ਰੌਪ-ਇਨ ਪ੍ਰੋਗਰਾਮ ਅਜਿਹੇ ਪ੍ਰੋਗਰਾਮ ਹਨ, ਜੋ ਇੱਕੋ-ਵਾਰ ਹੁੰਦੇ ਹਨ, ਤੁਸੀਂ ਇਹਨਾਂ ਲਈ ਉੱਥੇ ਜਾ ਕੇ ਭੁਗਤਾਨ ਕਰ ਸਕਦੇ ਹੋ। ਇਹ ਮਲਟੀ-ਡੇਟ ਕੋਰਸ ਦਾ ਹਿੱਸਾ ਨਹੀਂ ਹਨ। ਉਦਾਹਰਨਾਂ ਵਿੱਚ ਸ਼ਾਮਲ ਹਨ, ਜਨਤਕ ਤੈਰਾਕੀਆਂ, ਜਨਤਕ ਸਕੇਟਾਂ ਅਤੇ “ਡ੍ਰੌਪ-ਇਨ” (ਬਿਨਾਂ ਬੁੱਕ ਕੀਤੇ) ਵਜੋਂ ਲੇਬਲ ਕੀਤੇ ਪ੍ਰੋਗਰਾਮ।

**ਮੈਂ ਡ੍ਰੌਪ-ਇਨ ਪ੍ਰੋਗਰਾਮ ਲਈ ਕਿਵੇਂ ਰਜਿਸਟਰ ਕਰਾਂ?**
ਵਸਨੀਕਾਂ ਅਤੇ ਮੈਂਬਰਾਂ ਲਈ ਰਜਿਸਟਰੇਸ਼ਨ, 25 ਘੰਟੇ ਪਹਿਲਾਂ ਅਤੇ ਗੈਰ-ਵਸਨੀਕਾਂ ਲਈ ਇੱਕ ਘੰਟਾ ਪਹਿਲਾਂ ਉਪਲਬਧ ਹੈ। ਰਜਿਸਟਰੇਸ਼ਨ ਔਨਲਾਈਨ, brampton.ca,/registerforprograms ਤੇ, ਕਿਸੇ ਵੀ ਰੇਕ੍ਰੀਏਸ਼ਨ ਸੈਂਟਰ ਵਿਖੇ ਖੁਦ ਆ ਕੇ ਅਤੇ 311 ਤੇ ਫੋਨ ਕਰਕੇ ਪੂਰੇ ਕੀਤੇ ਜਾ ਸਕਦੇ ਹਨ।

**ਜੇਕਰ ਮੇਰੇ ਕੋਲ ਮੈਂਬਰਸ਼ਿਪ ਹੈ ਤਾਂ ਕੀ ਮੈਨੂੰ ਡ੍ਰੌਪ-ਇਨ ਪ੍ਰੋਗਰਾਮਾਂ ਲਈ ਪਹਿਲਾਂ ਹੀ ਰਜਿਸਟਰ ਕਰਨ ਦੀ ਲੋੜ ਹੈ?**
ਥਾਂ ਸੁਰੱਖਿਅਤ ਕਰਨ ਲਈ, ਸਹੀ ਪਲਾਨਿੰਗ ਅਤੇ ਵੱਧ-ਡਿਮਾਂਡ ਵਾਲੇ ਰੇਕ੍ਰੀਏਸ਼ਨ ਪ੍ਰੋਗਰਾਮਾਂ ਤੱਕ ਪਹੁੰਚ ਦੀ ਗਾਰੰਟੀ ਨੂੰ ਯਕੀਨੀ ਬਣਾਉਣ ਲਈ, ਮੈਂਬਰਸ਼ਿਪ ਦੇ ਨਾਲ ਵੀ, ਐਡਵਾਂਸ ਰਜਿਸਟਰੇਸ਼ਨ ਦੀ ਸਲਾਹ ਦਿੱਤੀ ਜਾਂਦੀ ਹੈ। ਆਪਣੀ ਥਾਂ ਸੁਰੱਖਿਅਤ ਕਰਨ ਲਈ ਜਲਦੀ ਰਜਿਸਟਰ ਕਰਵਾਓ, ਕਿਉਂਕਿ ਪ੍ਰਸਿੱਧ ਪ੍ਰੋਗਰਾਮਾਂ ਲਈ ਥਾਵਾਂ ਅਕਸਰ ਤੇਜ਼ੀ ਨਾਲ ਭਰ ਜਾਂਦੀਆਂ ਹਨ। ਜੇਕਰ ਥਾਂ ਉਪਲਬਧ ਹੁੰਦੀ ਹੈ, ਤਾਂ ਵਾਕ-ਇਨ (ਬਿਨਾਂ ਬੁੱਕ ਕੀਤੇ) ਆਉਣ ਤੇ ਵੀ ਥਾਂ ਦਿੱਤੀ ਜਾਂਦੀ ਹੈ।

**ਜੇਕਰ ਮੈਂ ਡ੍ਰੌਪ-ਇਨ ਪ੍ਰੋਗਰਾਮ ਵਿੱਚ ਨਾ ਆ ਸਕਾਂ ਤਾਂ ਕੀ ਹੋਵੇਗਾ?**
ਕਿਰਪਾ ਕਰਕੇ ਆਪਣੇ ਔਨਲਾਈਨ ਅਕਾਊਂਟ ਤੇ ਲੌਗ ਇਨ ਕਰਕੇ, ਆਪਣਾ ਡ੍ਰੌਪ-ਇਨ ਰਿਜ਼ਰਵੇਸ਼ਨ ਰੱਦ ਕਰ ਦਿਓ। ਰੱਦ ਕਰਨਾ, ਪ੍ਰੋਗਰਾਮ ਦੇ ਸ਼ੁਰੂ ਹੋਣ ਤੋਂ ਇੱਕ ਘੰਟਾ ਪਹਿਲਾਂ ਤੱਕ, 311 ਦੁਆਰਾ ਸਵੀਕਾਰ ਕੀਤਾ ਜਾਂਦਾ ਹੈ। ਭਾਗੀਦਾਰ ਆਪਣੀ ਬੁਕਿੰਗ ਰੱਦ ਕਰਨ ਲਈ, recreation@brampton.ca ਤੇ 24 ਘੰਟੇ ਦੇ ਐਡਵਾਂਸ ਨੋਟਿਸ ਵਾਲੀ ਈਮੇਲ ਵੀ ਕਰ ਸਕਦੇ ਹਨ।

ਰੇਕ੍ਰੀਏਸ਼ਨ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ, *brampton.ca,/registerforprograms* ਤੇ ਜਾਓ।

BRAMPTON